بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 05.07.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਹਰ ਅਹਮਦੀ ਨੂੰ ਹਮੇਸ਼ਾ ਇਹ ਚੇਤੇ ਰਖੱਣਾ ਚਾਹੀਦਾ ਹੈ ਕਿ ਹਰ ਅਹਮਦੀ ਦੇ ਚਿਹਰੇ ਪਿੱਛੇ ਅਹਮਦੀਅਤ ਦਾ ਚਿਹਰਾ ਹੈ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਚਿਹਰਾ ਹੈ

ਸੋ, ਹਰ ਅਹਮਦੀ ਦੀ ਜ਼ਿੰਮੇਦਾਰੀ ਹੈ ਕਿ ਇਹਨਾ ਚਿਹਰਿਆਂ ਦੀ ਸੁਰੱਖਿਆ ਕਰੇ ਅਤੇ ਜਿੰਨ੍ਹਾ ਨੂੰ ਰੱਬ ਨੇ ਧਰਮ ਦੀ ਸੇਵਾ ਦਾ ਸੰਜੋਗ ਪ੍ਰਦਾਨ ਕੀਤਾ ਹੈ ਉਹਨਾ ਦੀ ਹੋਰ ਵੀ ਵੱਡੀ ਜ਼ਿੰਮੇਦਾਰੀ ਹੈ ਕਿ ਇਸ ਜ਼ਿੰਮੇਦਾਰੀ ਨੂੰ ਨਿਭਾਉਣ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਫ਼ਰਮਾਨ ਨੂੰ ਹਮੇਸ਼ਾ ਸਾਹਮਣੇ ਰਖੱਣ ਕਿ ਸਾਡੀ ਬੈਅਤ ਦਾ ਦਾਵਾ ਕਰਕੇ ਫਿਰ ਸਾਨੂ ਬਦਨਾਮ ਨ ਕਰਨ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 5 ਜੁਲਾਈ 2019 ਈ. ਨੂੰ ਜਲਸਾਗਾਹ, ਕਾਲਸਰੋਏ (ਜਰਮਨੀ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਰੱਬ ਦੀਆਂ ਮਿਹਰਾਂ ਤੇ ਉਪਹਾਰਾਂ ਵਿੱਚੋਂ ਜੋ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਮਗਰੋਂ ਮਿਲੇ, ਉਹਨਾਂ ਵਿੱਚੋਂ ਇਕ ਬਹੁਤ ਵੱਡੀ ਮਿਹਰ ਤੇ ਉਪਹਾਰ ਜਲਸਾ ਸਾਲਾਨਾ ਦੇ ਰੂਪ ਵਿੱਚ ਸਾਨੂੰ ਮਿਲ ਰਿਹਾ ਹੈ ਤਾਂ ਜੋ ਅਸੀਂ ਆਪਣੀ ਰੂਹਾਨੀ (ਆਤਮਕ), ਅਖ਼ਲਾਕੀ ਤੇ ਵਿਦਿਅਕ ਯੋਗਤਾ ਲਈ ਜਤਨ ਕਰ ਸਕੀਏ । ਰੱਬ ਦੀ ਨੇੜਤਾ ਹਾਸਲ ਕਰਨ ਅਤੇ ਤਕਵਾ (ਸੰਜਮਤਾ) ਵਿੱਚ ਅੱਗੇ ਵਧੱਣ ਦੇ ਸਾਧਨ ਕਰ ਸਕੀਏ । ਇਕ ਦੂਜੇ ਦੇ ਹੱਕ ਪੂਰੇ ਕਰਨ ਲਈ ਆਪਣੇ ਦਿਲਾਂ ਨੂੰ ਸਾਫ਼ ਕਰੀਏ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜਲਸੇ ਨੂੰ ਆਯੋਜਤ ਕਰਨ ਦੇ ਮੰਤਵ ਨੂੰ ਪੂਰਾ ਕਰਨ ਦੇ ਜਤਨ ਕਰ ਸਕੀਏ । ਆਪੋ ਵਿੱਚ ਰੰਜਿਸ਼ਾਂ ਤੇ ਦੂਰੀਆਂ ਨੂੰ ਸੁਲਾਹ ਤੇ ਨੇੜਤਾ ਵਿੱਚ ਬਦਲਣ ਦਾ ਜਤਨ ਕਰੀਏ । ਆਪਣੇ ਆਪ ਨੂੰ ਵਿਅਰਥਤਾ ਤੋਂ ਪਾਕ ਕਰਨ ਦਾ ਜਤਨ ਕਰੀਏ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਸਾਰੀਆਂ ਗਲੱਾਂ ਜਲਸੇ ਦੇ ਆਯੋਜਨ ਦੇ ਮੰਤਵ ਵਿੱਚ ਵਰਨਣ ਕੀਤੀਆ ਹਨ । ਸੋ, ਹਰ ਵਿਅਕਤੀ ਨੂੰ ਜੋ ਜਲਸੇ ਵਿੱਚ ਸ਼ਾਮਲ ਹੋ ਰਿਹਾ ਹੈ ਪੁਰੁਸ਼ ਹੈ ਜਾਂ ਇਸਤਰੀ ਇਸ ਗੱਲ ਨੂੰ ਸੰਮੁੱਖ ਰਖੱਣਾ ਚਾਹੀਦਾ ਹੈ ਕਿ ਕੀ ਉਹ ਰੱਬ ਦੀ ਰਜ਼ਾ ਹਾਸਲ ਕਰਨ ਲਈ ਜਤਨ ਕਰ ਰਿਹਾ ਹੈ ਅਤੇ ਇਸ

ਨੀਯਤ ਨਾਲ ਜਲਸੇ ਵਿੱਚ ਸ਼ਾਮਲ ਹੋਇਆ ਹੈ ? ਤਕਵਾ ਵਿੱਚ ਵਧੱਣ ਲਈ ਜਤਨ ਕਰ ਰਿਹਾ ਹੈ । ਉਤੱਮ ਅਖ਼ਲਾਕ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਇਕ ਦੂਜੇ ਦੇ ਹੱਕ ਪੂਰੇ ਕਰਨ ਦਾ ਜਤਨ ਕਰ ਰਿਹਾ ਹੈ ਜਾਂ ਇਸ ਸੋਚ ਨਾਲ ਇੱਥੇ ਆਇਆ ਹੈ । ਸੋ, ਇਸ ਬਾਰੇ ਸਾਨੂੰ ਜਤਨ ਕਰਨਾ ਹੋਵੇਗਾ ਤਾਂ ਜੋ ਇਹਨਾ ਸਾਰੀਆਂ ਗਲੱਾਂ ਦੀ ਪ੍ਰਾਪਤੀ ਸੰਭਵ ਹੋਵੇ ਅਤੇ ਰੱਬ ਦੀਆਂ ਮਿਹਰਾਂ ਨੂੰ ਜਜ਼ਬ ਕਰਨ ਵਾਲੇ ਹੋਈਏ ਅਤੇ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਜਲਸੇ'ਤੇ ਆਉਣ ਵਾਲਿਆਂ ਲਈ ਕੀਤੀਆਂ ਗਈਆਂ ਦੁਆਵਾਂ ਦੇ ਵੀ ਅਧਿਕਾਰੀ ਬਣਨਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਉਕੱਾ ਹੀ ਨਹੀਂ ਚਾਹੁੰਦਾ ਕਿ ਹੁਣ ਦੇ ਪੀਰਜ਼ਾਦਿਆਂ ਵਾਂਗ ਕੇਵਲ ਦਿਖਾਵੇ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਆਪਣੇ ਪੈਰੋਕਾਰਾਂ ਨੂੰ ਇਕੱਠਿਆਂ ਕਰਾਂ, ਸਗੋਂ ਉਹ ਸਬਬ ਜਿਸ ਲਈ ਹੀਲਾ ਕਢੱਦਾ ਹਾਂ ਰੱਬ ਦੀ ਮਖ਼ਲੂਕ ਦਾ ਸੁਧਾਰ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਸਾਨੂ ਇਹਨਾਂ ਗਲੱਾਂ ਉਪੱਰ ਗ਼ੌਰ ਕਰਨਾ ਚਾਹੀਦਾ ਹੈ । ਕੁਝ ਦਿਨ ਪਹਿਲਾਂ ਰਮਜ਼ਾਨ ਖ਼ਤਮ ਹੋਇਆ ਹੈ ਜੋ ਇਕ ਰੂਹਾਨੀ ਸੁਧਾਰ ਤੇ ਤਰੱਕੀ ਦਾ ਮਹੀਨਾ ਸੀ ਜਿਸ ਵਿੱਚ ਵਿਅਕਤੀਗੱਤ ਇਬਾਦਤਾਂ ਅਤੇ ਰੋਜ਼ੇ ਤੇ ਇਲਾਹੀ ਸਿਮਰਣ ਦਾ ਮੌਕਾ ਹਰ ਇਕ ਮੋਮਿਨ ਨੂੰ ਉਪਲਭਦ ਹੋਇਆ ਅਤੇ ਹੁਣ ਇਕ ਹੋਰ ਤਿੰਨਾ ਦਿਨਾ ਦਾ ਕੈਂਪ ਹੈ ਜਿਸ ਵਿੱਚ ਦੀਨੀ ਤੇ ਵਿਦਿਅਕ ਗਿਆਨ ਦੀ ਤਰੱਕੀ ਦੇ ਮੌਕੇ ਦੇ ਨਾਲ ਨਾਲ ਇਬਾਦਤਾਂ ਤੇ ਜ਼ਿਕਰੇ ਇਲਾਹੀ ਦਾ ਵਾਤਾਵਰਣ ਹੈ । ਜੇਕਰ ਅਸੀਂ ਇਸ ਤੋਂ ਲਾਭ ਨ ਚੁੱਕੀਏ ਤਾਂ ਫਿਰ ਹੋਰ ਕਿਸ ਪ੍ਰਕਾਰ ਚੁਕੱਾਂਗੇ ।

ਸੋ, ਇਹ ਇਕ ਬਹੁਤ ਵੱਡੀ ਜ਼ਿੰਮੇਦਾਰੀ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਡੇ ਉਪੱਰ ਪਾਈ ਹੈ ਅਤੇ ਆਪਣੇ ਮੰਨ੍ਹਣ ਵਾਲਿਆਂ ਤੋਂ ਵੱਡੀਆਂ ਆਸਾਂ ਲਾਈਆਂ ਹਨ । ਇਸ ਵਾਤਾਵਰਣ ਦਾ ਹਕੀਕੀ ਲਾਭ ਫਿਰ ਹੀ ਹੋਵੇਗਾ ਜੱਦ ਦੁਨੀਆ ਦਾ ਪ੍ਰੇਮ ਰੱਬ ਅਤੇ ਉਸਦੇ ਰਸੂਲ ਦੇ ਪ੍ਰੇਮ ਦੇ ਟਾਕਰੇ ਵਿੱਚ ਠੰਡਾ ਹੋ ਜਾਏਗਾ । ਸੰਸਾਰ ਵਿੱਚ ਰਹਿੰਦਿਆਂ ਹੋਇਆਂ ਸੰਸਾਰ ਦੇ ਮੋਹ ਨੂੰ ਰੱਬ ਅਤੇ ਉਸ ਦੇ ਰਸੂਲ ਦੇ ਪ੍ਰੇਮ ਦੇ ਟਾਕਰੇ ਵਿੱਚ ਦੂਜੇ ਸਥਾਨ ਵਿੱਚ ਰਖੱਣਾ, ਇਹ ਬਹੁਤ ਵੱਡੀ ਗੱਲ ਹੈ ਤੇ ਇਹੋ ਵੱਡੀ ਚੀਜ਼ ਹੈ ਜੋ ਕਹੀਕੀ ਮੋਮਿਨ ਬਣਾਉਂਦੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਰੱਬ ਨੇ ਜੋ ਇਸ ਜਮਾਤ ਨੂੰ ਬਨਾਉਂਣਾ ਚਾਹਿਆ ਹੈ ਇਸ ਦਾ ਮੰਤਵ ਇਹੋ ਰੱਖਿਆ ਹੈ ਕਿ ਉਹ ਹਕੀਕੀ ਮਆਰਫ਼ਤ ਜੋ ਸੰਸਾਰ ਵਿੱਚੋਂ ਅਲੋਪ ਹੋ ਚੁੱਕਿਆ ਸੀ ਅਤੇ ਉਹ ਹਕੀਕੀ ਤਕਵਾ (ਸੰਜਮਤਾ) ਤੇ ਪਵਿਤੱਰਤਾ ਜੋ ਇਸ ਜੁੱਗ ਵਿੱਚ ਪਾਈ ਨਹੀਂ ਜਾਂਦੀ ਉਸ ਨੂੰ ਮੁੜ੍ਹ ਸਥਾਪਨ ਕਰੇ । ਫਿਰ ਇਕ ਮੌਕੇ ਆਪ ਸਾਨੂੰ ਆਪਣੇ ਤਕਵਾ (ਸੰਜਮਤਾ) ਦੇ ਮਿਆਰ ਨੂੰ ਬੁਲੰਦ ਕਰਨ ਦੀ ਤਲਕੀਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਹੇ, ਉਹ ਸਾਰੇ ਲੋਕੋ ਜੋ ਆਪਣੇ ਆਪ ਨੂੰ ਮੇਰੀ ਜਮਾਤ ਵਿੱਚ ਗਿਣਦੇ ਹੋ, ਅਕਾਸ਼ ਵਿੱਚ ਤੁਸੀਂ ਉਸ ਸਮੇਂ ਮੇਰੀ ਜਮਾਤ ਵਿੱਚ ਗਿਣੇ ਜਾਓਗੇ ਜੱਦ ਸੱਚਮੁੱਚ ਤਕਵਾ ਦੇ ਮਾਰਗਾਂ ਉਪੱਰ ਕਦਮ ਮਾਰੋਗੇ ।

ਫਿਰ ਇਕ ਥਾਂ ਰੱਬ ਦੀ ਵੱਡਿਆਈ, ਮਹਾਨਤਾ ਤੇ ਪ੍ਰੇਮ ਮਨ ਵਿੱਚ ਪੈਦਾ ਕਰਨ ਲਈ ਧਿਆਨ ਦੁਆਉਂਦਿਆਂ ਹੋਇਆ ਆਪ ਫ਼ਰਮਾਉਂਦੇ ਹਨ ਕਿ ਰੱਬ ਦੀ ਮਹਾਨਤਾ ਮਨ ਵਿੱਚ ਬਿਠਾਓ ਅਤੇ ਉਸਦੇ ਇਕ ਹੋਣ ਦਾ ਇਕਰਾਰ ਨ ਕੇਵਲ ਜ਼ੁਬਾਨੀ ਸਗੋਂ ਅਮਲੀ ਰੂਪ ਵਿੱਚ ਕਰੋ ਤਾਂ ਜੋ ਰੱਬ ਵੀ ਅਮਲੀ ਰੂਪ ਵਿੱਚ ਆਪਣਾ ਆਨੰਦ ਤੇ ਉਪਕਾਰ ਤੁਹਾਡੇ ਉਪੱਰ ਪ੍ਰਕਟ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕਿਸੇ ਇਕ ਨੇਕੀ ਨੂੰ ਬਜਾ ਲਿਆਉਂਣਾ ਤਕਵਾ ਨਹੀਂ ਹੈ ਸਗੋਂ ਸਾਰੀਆਂ ਨੇਕੀਆਂ ਬਜਾ ਲਿਆਉਂਣੀਆਂ ਰੱਬ ਅਤੇ ਉਸ ਦੇ ਬੰਦਿਆਂ ਦੇ ਹਰ ਪ੍ਰਕਾਰ ਦੇ ਹੱਕ ਪੂਰੇ ਕਰਨਾ ਅਸਲ ਤਕਵਾ ਹੈ । ਕਈ ਲੋਕ ਬਾਹਰ ਜਮਾਤੀ ਕੰਮਾ ਵਿੱਚ ਚੰਗੇ ਹਨ, ਪਰ ਘਰਾਂ ਵਿੱਚ ਪਤਨੀ ਤੇ ਬੱਚੇ ਤੰਗ ਆਏ ਹੋਏ ਹਨ । ਕਈ ਘਰਾਂ ਦੇ ਹੱਕ ਪੂਰੇ ਕਰ ਰਹੇ ਹਨ, ਪਰ ਰੱਬ ਦੇ ਹੱਕ ਤੇ ਉਸ ਦੀ ਇਬਾਦਤ ਵੱਲ ਧਿਆਨ ਨਹੀਂ ਹੈ । ਕਈ ਦੇਖਣ ਨੂੰ ਇਬਾਦਤ ਕਰਨ ਵਾਲੇ ਹਨ, ਪਰ ਸਮਾਜ ਤੇ ਆਪੋ ਵਿੱਚ ਦੇ ਮਾਮਲਿਆਂ ਵਿੱਚ ਇਕ ਦੂਜੇ ਦੇ ਹੱਕ ਮਾਰਨ ਵਾਲੇ ਹਨ। ਸੋ, ਰੱਬ ਦੇ ਸੁੱਖ ਤੇ ਉਪਕਾਰ ਹਾਸਲ ਕਰਨ ਲਈ ਹਰ ਪੱਖੋਂ ਆਪਣੀਆਂ ਕਰਮ ਰੂਪੀ ਹਾਲਤਾਂ ਨੂੰ ਠੀਕ ਕਰਨ ਦੀ ਲੋੜ ਹੈ ਅਤੇ ਇਹ ਜਲਸੇ ਦੇ ਆਯੋਜਨ ਇਸੇ ਉਦੇਸ਼ ਨਾਲ ਕੀਤੇ ਗਏ ਹਨ ਕਿ ਨੇਕੀਆਂ ਵੱਲ ਧਿਆਨ ਹੋਵੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਚੇਤੇ ਰੱਖੋ ਕਾਮਲ ਬੰਦੇ ਰੱਬ ਦੇ ਉਹੋ ਹੁੰਦੇ ਹਨ ਜਿੰਨ੍ਹਾ ਬਾਰੇ ਫ਼ਰਮਾਇਆ ਹੈ ਕਿ

لَا تُلْهِيْهِمْ تِجَارَةٌ وَّلَا بَيْعٌ عَنْ ذِكْرِ اللّٰهِ۔

ਅਰਥਾਤ ਜਿੰਨ੍ਹਾ ਨੂੰ ਨ ਕੋਈ ਵਪਾਰ ਨ ਕੋਈ ਲੈਂਣ ਦੇਣ ਰੱਬ ਦੇ ਸਿਮਰਣ ਤੋਂ ਗ਼ਾਫ਼ਲ ਰਖੱਦਾ ਹੈ । ਫ਼ਰਮਾਇਆ ਕਿ ਜੱਦ ਮਨ ਰੱਬ ਨਾਲ ਸਰੱਾ ਸੰਬੰਧ ਤੇ ਪ੍ਰੇਮ ਪੈਦਾ ਕਰ ਲੈਂਦਾ ਹੈ ਤਾਂ ਉਹ ਉਸ ਤੋਂ ਅੱਡ ਹੁੰਦਾ ਹੀ ਨਹੀਂ ਹੈ । ਜਿਵੇਂ ਕਿਸੇ ਦਾ ਬਚੱਾ ਬਿਮਾਰ ਹੋਵੇ ਤਾਂ ਉਹ ਭਾਵੇਂ ਕਿਤੇ ਵੀ ਜਾਵੇ ਕਿਸੇ ਵੀ ਕੰਮ ਵਿੱਚ ਮਸਰੂਫ਼ ਹੋਵੇ ਪਰ ਉਸ ਦਾ ਦਿਲ ਤੇ ਧਿਆਨ ਉਸ ਬੱਚੇ ਵਿੱਚ ਰਹੇਗਾ । ਇਸੇ ਪ੍ਰਕਾਰ ਜੋ ਲੋਕ ਰੱਬ ਨਾਲ ਸਚੱਾ ਸੰਬੰਧ ਤੇ ਪ੍ਰੇਮ ਪੈਦਾ ਕਰਦੇ ਹਨ ਉਹ ਕਿਸੇ ਵੀ ਅਵਸਥਾ ਵਿੱਚ ਰੱਬ ਨੂੰ ਨਹੀਂ ਭੁਲੱਦੇ । ਸੋ, ਇਹ ਉਹ ਹਾਲਤ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਡੇ ਵਿੱਚ ਦੇਖਣਾ ਚਾਹੁੰਦੇ ਹਨ ਅਤੇ ਇਸ ਹਾਲਤ ਨੂੰ ਪੈਦਾ ਕਰਨ ਦੇ ਜਤਨ ਕਰਨ ਲਈ ਅਸੀਂ ਇੱਥੇ ਇਕਤੱਰ ਹੋਏ ਹਾਂ । ਸਾਡੇ ਵਿੱਚੋਂ ਹਰ ਇਕ ਨੂੰ ਜਤਨ ਕਰਨਾ ਚਾਹੀਦਾ ਹੈ ਅਤੇ ਰੱਬ ਤੋਂ ਦੁਆ ਵੀ ਮੰਗਣੀ ਚਾਹੀਦੀ ਹੈ ਕਿ ਅਸੀਂ ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਬਣ ਸਕੀਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜਲਸੇ ਵਿੱਚ ਆਉਣ ਵਾਲੇ ਅਤੇ ਡੀਊਟੀਆਂ ਦੇਣ ਵਾਲੇ ਇਹਨਾ ਦਿਨਾਂ ਵਿੱਚ ਜ਼ਿਕਰੇ ਇਲਾਹੀ ਨਾਲ ਆਪਣੀਆਂ ਜ਼ੁਬਾਨਾ ਨੂੰ ਤਰ ਰਖੱਣ ਦਾ ਜਤਨ ਕਰਨ (ਅਰਥਾਤ ਹਰ ਸਮੇਂ ਰਬ ਦੇ ਸਿਮਰਣ ਵਿੱਚ ਲੱਗੀਆਂ ਰਹਿਣ) ਅਤੇ ਰੱਬ ਦੀ ਨੇੜਤਾ ਹਾਸਲ ਕਰਨ ਵਾਲੇ ਬਣਨ । ਇਸ ਤੋਂ ਵੱਡੀ ਹੋਰ ਕੀ ਗੱਲ ਸਾਡੇ ਲਈ ਹੋਵੇਗੀ ਕਿ ਰੱਬ ਸਾਨੂੰ ਚੇਤੇ ਰੱਖੇ । ਸੋ, ਇਸ ਦੀ ਪ੍ਰਾਪਤੀ ਲਈ ਸਾਨੂੰ ਜਤਨ ਕਰਨੇ ਚਾਹੀਦੇ ਹਨ ਅਤੇ ਫਿਰ ਹੀ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨਾ ਅਨੁਸਾਰ ਅਕਾਸ਼ ਉਪੱਰ ਜਮਾਤ ਵਿੱਚ ਗਿਣੇ ਜਾਵਾਂਗੇ । ਇਹਨਾਂ ਦਿਨਾ ਵਿੱਚ ਸਾਨੂੰ ਇਹ ਦੁਆਵਾਂ ਕਰਨੀਆਂ ਚਾਹੀਦੀਆਂ ਹਨ ਕਿ ਅਸੀਂ ਉਹਨਾਂ ਲੋਕਾਂ ਵਿੱਚ ਨ ਗਿਣੇ ਜਾਈਏ ਜਿੰਨ੍ਹਾ ਤੋਂ ਰੱਬ ਰਾਜ਼ੀ ਨਹੀਂ ਸਗੋਂ ਉਹਨਾ ਲੋਕਾਂ ਵਿੱਚ ਗਿਣੇ ਜਾਈਏ ਜਿੰਨ੍ਹਾ ਦਾ ਵਰਨਣ ਰੱਬ ਕਰਦਾ ਹੈ। ਰੱਬ ਨਾਲ ਅਸੀਂ ਪਕੱਾ ਸੰਬੰਧ ਜੋੜਨ ਵਾਲੇ ਹੋਈਏ ਆਪਣੇ ਮਨ ਦੇ ਹਨ੍ਹੇਰਿਆਂ ਨੂੰ ਮਿਟਾਉਣ ਵਾਲੇ ਹੋਈਏ । ਇੱਥੇ ਜਲਸੇ ਦੀ ਕਾਰਵਾਈ ਵਿੱਚ ਵੀ ਅਤੇ ਵਕਫ਼ਿਆਂ ਵਿੱਚ ਵੀ ਅਤੇ ਰਾਤ ਨੂੰ ਵੀ ਜ਼ਿਕਰੇ ਇਲਾਹੀ ਕਰਨ ਦੇ ਨਾਲ ਇਹ ਦੁਆ ਮੰਗਣ ਅਤੇ ਪ੍ਰਣ ਕਰਨ ਕਿ ਹੇ ਖ਼ੁਦਾ ! ਅਸੀਂ ਨੇਕ ਨੀਯਤ ਹੋਕੇ ਤੇਰੇ ਮਸੀਹ ਵੱਲੋਂ ਜਾਰੀ ਕੀਤੇ ਜਲਸੇ ਵਿੱਚ ਸ਼ਾਮਲ ਹੋਏ ਜੋ ਨਿਸ਼ਚੇ ਹੀ ਤੇਰੀ ਵਿਸ਼ੇਸ਼ ਤਾਈਦ ਤੇ ਜਾਣਕਾਰੀ ਨਾਲ ਅਰੰਭ ਹੋਇਆ ਹੈ । ਇਸ ਵਿੱਚ ਤੇਰੀ ਰਜ਼ਾ ਦੀ ਪ੍ਰਾਪਤੀ ਤੇ ਤੇਰੇ ਜ਼ਿਕਰ (ਯਾਦ) ਵਿੱਚ ਵਧੱਣ ਤੇ ਤੇਰੇ ਪ੍ਰੇਮ ਦੀ ਪ੍ਰਾਪਤੀ ਲਈ ਸ਼ਾਮਲ ਹੋਏ ਹਾਂ ।

ਆਪਣੀਆਂ ਸਾਰੀਆਂ ਬਰਕਤਾਂ ਸਾਨੂੰ ਪ੍ਰਦਾਨ ਕਰ ਜੋ ਤੂੰ ਇਸ ਜਲਸੇ ਨਾਲ ਸਲੰਗਤ ਕੀਤੀਆਂ ਹਨ ਅਤੇ ਸਾਡੇ ਅੰਦਰ ਪਵਿੱਤਰ ਪਰਿਵਰਤਨ ਜਨਮ ਲੈਂਣ ਜੋ ਤੂੰ ਚਾਹੁੰਦਾ ਹੈਂ ਅਤੇ ਜਿਸ ਨੂੰ ਸਥਾਪਨ ਕਰਨ ਲਈ ਤੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੂੰ ਇਸ ਜ਼ਮਾਨੇ ਵਿੱਚ ਭੇਜਿਆ ਹੈ ਤਾਂ ਜੋ ਅਸੀ ਉਸਦੀ ਬੈਅਤ ਵਿੱਚ ਵਾਸਤਵਿਕ ਰੂਪ ਵਿੱਚ ਸ਼ਾਮਲ ਹੋਣ ਵਾਲੇ ਬਣ ਸਕੀਏ । ਸੋ, ਜੱਦ ਅਸੀਂ ਰੱਬ ਤੋਂ ਮਦਦ ਮੰਗਦਿਆਂ ਹੋਇਆਂ ਅਤੇ ਦੁਰੂਦ ਤੇ ਇਸਤਗ਼ਫ਼ਾਰ ਕਰਦਿਆਂ ਹੋਇਆਂ ਇਹ ਦਿਨ ਬਤੀਤ ਕਰਾਂਗੇ, ਆਪਣੇ ਦਿਨਾਂ ਨੂੰ ਨਿਰੋਲ ਰੱਬ ਖ਼ਾਤਰ ਲੰਘਾਵਾਂਗੇ ਤਾਂ ਸਾਡੀਆਂ ਇਬਾਦਤਾਂ ਦੇ ਮਿਆਰ ਵੀ ਬੁਲੰਦ ਹੋਣਗੇ ਅਤੇ ਰੱਬ ਨਾਲ ਸੰਬੰਧ ਦੇ ਸਬਬ ਰੱਬ ਦੀ ਮਖ਼ਲੂਕ ਦੇ ਹੱਕ ਪੂਰੇ ਕਰਨ ਵਾਲੇ ਵੀ ਅਸੀਂ ਬਣਾਗੇ । ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦਿਨਾਂ ਨੂੰ ਆਪੋ ਵਿੱਚ ਦੀਆਂ ਰੰਜਿਸ਼ਾਂ ਨੂੰ ਦੂਰ ਕਰਨ ਦਾ ਸਾਧਨ ਵੀ ਬਨਾਓ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜਲਸਾ ਸਾਲਾਨਾ ਨੂੰ ਵੀ ਸ਼ਾਇਰੁਲੱਾਹ ਵਿੱਚ ਦਾਖ਼ਲ ਕੀਤਾ ਹੈ । ਇਸ ਲਈ ਜੋ ਲੋਕ ਸ਼ਾਇਰੁਲੱਾਹ ਦੀ ਪਵਿੱਤਰਤਾ ਨੂੰ ਹਾਣ ਪਹੁੰਚਾਉਂਦੇ ਹਨ ਉਹ ਰੱਬ ਦੀ ਕਰੋਪੀ ਦੇ ਭਾਗੀ ਬਣਦੇ ਹਨ । ਸੋ, ਬਹੁਤ ਖ਼ੌਫ਼ ਦਾ ਅਸਥਾਨ ਹੈ । ਜਿੰਨ੍ਹਾ ਦੀਆਂ ਨਾਰਾਜ਼ਗੀਆਂ ਹਨ, ਉਹਨਾ ਨੂੰ ਚਾਹੀਦਾ ਹੈ ਕਿ ਝੱਟ ਇਕ ਦੂਜੇ ਲਈ ਸੁਲਾਹ ਦਾ ਹੱਥ ਵਧਾਉਣ ਅਤੇ ਅਜਿਹਾ ਵਾਤਾਵਰਣ ਪੈਦਾ ਕਰਨ ਜਿੱਥੇ ਅਹੰਕਾਰ ਦੀਆਂ ਖਲੱਾਂ ਵਿੱਚ ਬੰਦ ਹੋਣ ਦੀ ਥਾਂ ਤੇ ਕੀਨੇ ਸਾੜੇ ਦੀ ਅੱਗ ਵਿੱਚ ਬਲੱਣ ਦੀ ਥਾਂ ਸਲਾਮਤੀ ਤੇ ਸੁਲਾਹ ਦਾ ਸੁੰਦਰ ਵਾਤਾਵਰਣ ਪੈਦਾ ਕਰਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਇਸ ਫ਼ਰਮਾਨ ਨੂੰ ਹਮੇਸ਼ਾ ਆਪਣੇ ਸੰਮੁੱਖ ਰਖੱਣ ਕਿ ਮੁਸਲਮਾਨ ਉਹ ਹੈ ਜਿਸਦੇ ਹੱਥ ਤੇ ਮੂੰਹ ਨਾਲ ਕਿਸੇ ਮੁਸਲਮਾਨ ਨੂੰ ਕਸ਼ਟ ਨ ਪਹੁੰਚੇ । ਸਾਨੂੰ ਜਾਇਜ਼ਾ ਲੈਂਣਾ ਚਾਹੀਦਾ ਹੈ ਕਿ ਕੀ ਇਹ ਫ਼ਰਮਾਨ ਸਾਡੀਆਂ ਹਾਲਤਾਂ ਨੂੰ ਪ੍ਰਤੀਬਿੰਬਤ ਕਰਦਾ ਹੈ । ਮੈਂਨੂੰ ਬਹੁਤ ਦੁੱਖ ਨਾਲ ਇਹ ਵੀ ਆਖਣਾ ਪੈ ਰਿਹਾ ਹੈ ਕਿ ਕਈ ਲੋਕ ਜਲਸਿਆਂ ਉਪੱਰ ਆਉਂਦੇ ਹਨ ਅਤੇ ਰਤਾ ਰਤਾ ਜਿਹੀ ਗੱਲ'ਤੇ ਪੁਰਾਣੇ ਕੀਨਿਆਂ, ਸਾੜਿਆਂ ਤੇ ਰੰਜਿਸ਼ਾਂ ਦੇ ਸਬਬ ਜਲਸੇ ਦੇ ਦਿਨਾਂ ਵਿੱਚ ਇਸ ਵਾਤਾਵਰਣ ਵਿੱਚ ਵੀ ਹੱਥੋ ਪਾਈ ਹੋ ਜਾਂਦੇ ਹਨ । ਕਈ ਵਾਰ ਪੁਲਿਸ ਨੂੰ ਵੀ ਬਲਾਉਂਣਾ ਪੈ ਜਾਂਦਾ ਹੈ । ਕੀ ਇਹ ਇਕ ਮੋਮਿਨ ਦੀ ਸ਼ਾਨ ਹੈ ? ਕੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਸ਼ਾਮਲ ਹੋਣ ਵਾਲਿਆਂ ਦੇ ਇਹ ਅਮਲ ਹਨ ? ਨਿਸ਼ਚੇ ਹੀ ਨਹੀਂ, ਅਜਿਹੇ ਲੋਕਾਂ ਨੂੰ ਜਮਾਤੀ ਨਿਜ਼ਾਮ ਵਿੱਚੋਂ ਜਮਾਤ ਬਾਹਰ ਕੱਢੇ ਜਾਂ ਨ ਕੱਢੇ, ਆਪਣੇ ਅਮਲਾਂ ਕਰਕੇ ਉਹ ਰੱਬ ਦੀ ਨਜ਼ਰ ਵਿੱਚ ਜਮਾਤ'ਚੋਂ ਬਾਹਰ ਨਿਕਲ ਜਾਂਦੇ ਹਨ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਫ਼ਰਮਾਨ ਮੁਜਬ ਉਹ ਅਕਾਸ਼ ਉਪੱਰ ਆਪਦੀ ਜਮਾਤ ਵਿੱਚ ਸ਼ਾਮਲ ਨਹੀਂ ਹਨ । ਇਸੇ ਪ੍ਰਕਾਰ ਉਹਦੇਦਾਰ ਹਨ ਅਤੇ ਜਲਸੇ ਦੀਆਂ ਡੀਊਟੀਆਂ ਦੇਣ ਵਾਲੇ ਹਨ, ਉਹ ਵੀ ਇਹਨਾ ਦਿਨਾ ਵਿੱਚ ਵਿਸ਼ੇਸ਼ ਧਿਆਨ ਦੇਣ ਕਿ ਉਹਨਾਂ ਦੇ ਅਖ਼ਲਾਕ ਦੇ ਮਿਆਰ ਬਹੁਤ ਉੱਚੇ ਹੋਣੇ ਚਾਹੀਦੇ ਹਨ । ਉਹਦੇਦਾਰਾਂ ਦੀ ਇਹ ਵਿਸ਼ੇਸ਼ ਜ਼ਿੰਮੇਦਾਰੀ ਹੈ ਕਿ ਉਹਨਾ ਵਿੱਚ ਸਹਿਨ ਸ਼ਕਤੀ ਦਾ ਮਾਦਾ ਬਹੁਤ ਅਧਿਕ ਹੋਣਾ ਚਾਹੀਦਾ ਹੈ । ਸੋ, ਉਹਦੇਦਾਰ ਆਪਣੇ ਆਪ ਨੂੰ ਹਰ ਹਾਲ ਵਿੱਚ ਸੇਵਕ ਸਮਝਣ ਅਤੇ ਜਮਾਤ ਦੇ ਲੋਕ ਤੇ ਜਲਸੇ ਵਿੱਚ ਸ਼ਾਮਲ ਹੋਣ ਵਾਲੇ ਉਹਦੇਦਾਰਾਂ ਨੂੰ ਜਮਾਤੀ ਨਿਜ਼ਾਮ ਦਾ ਨੁਮਾਇੰਦਾ ਸਮਝਣ, ਫਿਰ ਹੀ ਖਿੱਚਤਾਣ ਤੇ ਲੜਾਈਆਂ ਦੇ ਵਾਤਾਵਰਣ ਵਿੱਚ ਸੁਧਾਰ ਆ ਸਕਦਾ ਹੈ, ਆਪੋ ਵਿਚ ਦੀਆਂ ਰੰਜਿਸ਼ਾਂ ਦੂਰ ਹੋ ਸਕਦੀਆਂ ਹਨ ।

ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਅਸਲ ਚੀਜ਼ ਉਹਦਾ ਨਹੀਂ ਸਗੋਂ ਅਸਲ ਚੀਜ਼ ਆਪਣੇ ਬੈਅਤ ਦੇ ਹੱਕ ਨੂੰ ਪੂਰਾ ਕਰਨਾ ਹੈ, ਚਾਹੇ ਉਹ ਉਹਦੇਦਾਰ ਹੈ ਜਾਂ ਫਿਰ ਜਮਾਤ ਦਾ ਫ਼ਰਦ (ਵਿਅਕਤੀ) ਹੈ, ਉਸ ਨੂੰ ਇਸ ਹੱਕ ਨੂੰ

ਪੂਰਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ ਅਤੇ ਇਸ ਹੱਕ ਨੂੰ ਪੂਰਾ ਕਰਨ ਬਾਰੇ ਨਸੀਹਤ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ

ਹੇ, ਮੇਰੀ ਜਮਾਤ, ਰੱਬ ਆਪ ਲੋਕਾਂ ਨਾਲ ਹੈ ਉਹ ਕਾਦਰ ਕਰੀਮ ਆਪ ਲੋਕਾਂ ਨੂੰ ਸਫ਼ਰੇ ਆਖ਼ਰਤ (ਪਰਲੈ ਦੀ ਜਾਤਰਾ) ਲਈ ਅਜਿਹਾ ਤਿਆਰ ਕਰੇ ਜਿਵੇਂ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਤਿਆਰ ਕੀਤੇ ਗਏ ਸਨ । ਲਾਨ੍ਹਤੀ ਹੈ ਉਹ ਜੀਵਨ ਜੋ ਕੇਵਲ ਦੁਨੀਆ ਲਈ ਹੈ ਅਤੇ ਬਦਕਿਸਮਤ ਹੈ ਉਹ ਜਿਸਦਾ ਸਾਰਾ ਦੁੱਖ ਸੁੱਖ ਕੇਵਲ ਦੁਨੀਆ ਲਈ ਹੈ । ਅਜਿਹਾ ਮਨੁੱਖ ਜੇਕਰ ਮੇਰੀ ਜਮਾਤ ਵਿੱਚ ਹੈ ਤਾਂ ਉਹ ਵਿਅਰਥ ਹੀ ਮੇਰੀ ਜਮਾਤ ਵਿੱਚ ਆਪਣੇ ਆਪਨੂੰ ਦਾਖ਼ਲ ਕਰਦਾ ਹੈ ਕਿਉਂਕਿ ਉਹ ਉਸ ਸੁੱਕੀ ਟਾਹਣੀ ਵਾਂਗ ਹੈ ਜੋ ਫਲ ਨਹੀਂ ਲਿਆਏਗੀ । ਫਿਰ ਫ਼ਰਮਾਇਆ : ਖ਼ੁਸ਼ ਨਸੀਬ ਲੋਕੋ ! ਤੁਸੀਂ ਜ਼ੋਰ ਨਾਲ ਇਸ ਸਿੱਖਿਆ ਵਿੱਚ ਦਾਖ਼ਲ ਹੋ ਜਾਓ ਜੋ ਤੁਹਾਡੀ ਮੁਕਤੀ ਲਈ ਮੈਂਨੂੰ ਦਿੱਤੀ ਗਈ ਹੈ । ਤੁਸੀਂ ਰੱਬ ਨੂੰ ਵਾਹਿਦ ਲਾ ਸ਼ਰੀਕ (ਇੱਕੋ ਇਕ ਰੱਬ ਜਿਸਦਾ ਕੋਈ ਹੋਰ ਸਾਥੀ ਨਹੀਂ) ਸਮਝੋ ਅਤੇ ਉਸਦੇ ਨਾਲ ਕਿਸੇ ਚੀਜ਼ ਨੂੰ ਸ਼ਾਮਲ ਨ ਕਰੋ, ਨ ਅਕਾਸ਼ ਵਿੱਚ ਨ ਧਰਤੀ ਵਿੱਚ । ਰੱਬ ਅਸਬਾਬ ਦੀ ਵਰਤੋਂ ਲਈ ਤੁਹਾਨੂੰ ਨਹੀਂ ਮੋੜਦਾ ਪਰ ਜੋ ਵਿਅਕਤੀ ਰੱਬ ਨੂੰ ਛਡੱਕੇ ਕੇਵਲ ਅਸਬਾਬ ਉਪੱਰ ਹੀ ਭਰੋਸਾ ਕਰਦਾ ਹੈ ਉਹ ਉਹ ਮੁਸ਼ਰਿਕ ਹੈ । ਅਰੰਭ ਤੋਂ ਰੱਬ ਕਹਿੰਦਾ ਆਇਆ ਹੈ ਕਿ ਪਾਕ ਦਿਲ ਬਣਨ ਤੋਂ ਬਿਨਾ ਮੁਕਤੀ ਨਹੀਂ, ਸੋ ਤੁਸੀਂ ਪਾਕ ਦਿਲ ਬਣ ਜਾਓ ਅਤੇ ਨਫ਼ਸਾਨੀ ਕੀਨਿਆਂ, ਸਾੜਿਆਂ ਤੇ ਕ੍ਰੋਧ ਤੋਂ ਅੱਡ ਹੋ ਜਾਓ । ਰੱਬ ਦੇ ਕਰਤਵਾਂ ਨੂੰ ਮਨ ਦੇ ਡਰ ਨਾਲ ਪੂਰਾ ਕਰੋ ਕਿ ਤੁਸੀਂ ਪੁੱਛੇ ਜਾਓਗੇ । ਨਮਾਜ਼ਾਂ ਵਿੱਚ ਬਹੁਤ ਦੁਆ ਕਰੋ ਕਿ ਰੱਬ ਤੁਹਾਰਨੂੰ ਆਪਣੇ ਵੱਲ ਖਿੱਚੇ ਅਤੇ ਤੁਹਾਡੇ ਦਿਲਾਂ ਨੂੰ ਸਾਫ਼ ਕਰੇ ਕਿਉਂਕਿ ਮਨੁੱਖ ਕਮਜ਼ੋਰ ਹੈ । ਹਰ ਇਕ ਬਦੀ ਜੋ ਦੂਰ ਹੁੰਦੀ ਹੈ ਉਹ ਰੱਬ ਵੱਲੋਂ ਬਖਸ਼ੀ ਸ਼ਕਤੀ ਨਾਲ ਦੂਰ ਹੁੰਦੀ ਹੈ ਅਤੇ ਜੱਦ ਤੱਕ ਮਨੁੱਖ ਰੱਬ ਤੋਂ ਸ਼ਕਤੀ ਨ ਪ੍ਰਾਪਤ ਕਰੇ ਕਿਸੇ ਬਦੀ ਦੇ ਦੂਰ ਕਰਨ'ਤੇ ਕਾਦਰ ਨਹੀਂ ਹੋ ਸਕਦਾ । ਇਸਲਾਮ ਕੇਵਲ ਇਹ ਨਹੀਂ ਹੈ ਕਿ ਰਸਮੀ ਤੌਰ'ਤੇ ਆਪਣੇ ਆਪਨੂੰ ਕਲਮਾਗੋ (ਕਲਮਾ ਪੜ੍ਹਨ ਵਾਲਾ) ਕਹਿਲਾਓ, ਸਗੋਂ ਇਸਲਾਮ ਦੀ ਹਕੀਕਤ ਇਹ ਹੈ ਕਿ ਤੁਹਾਡੀਆਂ ਰੂਹਾਂ (ਆਤਮਾ) ਰੱਬ ਦੇ ਦਰ ਉਪੱਰ ਡਿੱਗ ਜਾਣ ਅਤੇ ਰੱਬ ਤੇ ਉਸਦੇ ਨਿਰਦੇਸ਼ ਹਰ ਪੱਖੋਂ ਤੁਹਾਡੀ ਦੁਨੀਆਂ ਉਪੱਰ ਤੁਹਾਨੂੰ ਪ੍ਰਾਥਮਕ ਹੋ ਜਾਣ ।

ਸੋ, ਇਹ ਉਹ ਮਿਆਰ ਹੈ ਜਿਸ'ਤੇ ਸਾਨੂੰ ਸਾਰਿਆਂ ਨੂੰ ਪੂਰਾ ਉਤਰਨ ਦਾ ਜਤਨ ਕਰਨਾ ਚਾਹੀਦਾ ਹੈ । ਹਰ ਅਹਮਦੀ ਨੂੰ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਹਰ ਅਹਮਦੀ ਦੇ ਚਿਹਰੇ ਪਿੱਛੇ ਅਹਮਦੀਅਤ ਦਾ ਚਿਹਰਾ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਚਿਹਰਾ ਹੈ, ਇਸਲਾਮ ਦਾ ਚਿਹਰਾ ਹੈ । ਸੋ, ਹਰ ਅਹਮਦੀ ਦੀ ਜ਼ਿੰਮੇਦਾਰੀ ਹੈ ਕਿ ਇਹਨਾ ਚਿਹਰਿਆਂ ਦੀ ਸੁਰੱਖਿਆ ਕਰੇ ਅਤੇ ਜਿੰਨ੍ਹਾ ਨੂੰ ਰੱਬ ਦੇ ਦੀਨ ਦੀ ਸੇਵਾ ਕਰਨ ਦਾ ਸੰਜੋਗ ਪ੍ਰਦਾਨ ਕੀਤਾ ਹੈ ਉਹਨਾ ਦੀ ਵੱਡੀ ਜ਼ਿੰਮੇਦਾਰੀ ਹੈ ਕਿ ਇਸ ਜ਼ਿੰਮੇਦਾਰੀ ਨੂੰ ਨਿਭਾਉਣ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਫ਼ਰਮਾਨ ਨੂੰ ਹਮੇਸ਼ ਸੰਮੁੱਖ ਰਖੱਣ ਕਿ ਸਾਡੀ ਬੈਅਤ ਦਾ ਦਾਵਾ ਕਰਕੇ ਫਿਰ ਸਾਨੂੰ ਬਦਨਾਮ ਨਾ ਕਰਨ । ਸੋ, ਇਸ ਫ਼ਰਮਾਨ ਨੂੰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਕ ਦੁਆ ਇਸ ਸਮੇਂ ਪੇਸ਼ ਕਰਦਾ ਹਾਂ ਜਿਸ ਤੋਂ ਆਪਦੇ ਦਰਦ ਦਾ ਇਜ਼ਹਾਰ ਹੁੰਦਾ ਹੈ ਜੋ ਆਪਦੇ ਦਿਲ ਵਿੱਚ ਆਪਣੇ ਮੰਨ੍ਹਣ ਵਾਲਿਆਂ ਲਈ ਹੈ । ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਦੁਆ ਕਰਦਾ ਹਾਂ ਅਤੇ ਜੱਦ ਤੱਕ ਮੇਰੇ ਜੀਵਨ ਦਾ ਸਾਹ ਹੈ ਕਰਦਾ ਰਹਾਂਗਾ, ਅਤੇ ਦੁਆ ਇਹੋ

ਹੈ ਕਿ ਰੱਬ ਮੇਰੀ ਇਸ ਜਮਾਤ ਦੇ ਦਿਲਾਂ ਨੂੰ ਪਾਕ ਕਰੇ ਅਤੇ ਆਪਣੀ ਰਹਿਮਤ ਦਾ ਹੱਥ ਲੰਮਾ ਕਰੇ, ਉਹਨਾ ਦੇ ਦਿਲ ਆਪਣੀ ਵੱਲ ਫੇਰ ਦੇਵੇ ਅਤੇ ਸਾਰੀਆਂ ਸ਼ਰਾਰਤਾਂ ਤੇ ਕੀਨੇ ਉਹਨਾ ਦੇ ਦਿਲ ਵਿੱਚੋਂ ਕੱਢ ਦੇਵੇ ਅਤੇ ਆਪੋ ਵਿੱਚ ਸਚੱਾ ਪ੍ਰੇਮ ਪ੍ਰਦਾਨ ਕਰ ਅਤੇ ਮੈਂ ਵਿਸ਼ਵਾਸ਼ ਰਖੱਦਾ ਹਾਂ ਕਿ ਇਹ ਦੁਆ ਕਿਸੇ ਸਮੇਂ ਕੁਬੂਲ ਹੋਵੇਗੀ ਅਤੇ ਰੱਬ ਮੇਰੀਆਂ ਦੁਆਵਾਂ ਨੂੰ ਨਸ਼ਟ ਨਹੀਂ ਕਰੇਗਾ ।

ਰੱਬ ਤੋਂ ਸਾਨੂੰ ਦੁਆ ਕਰਨੀ ਚਾਹੀਦੀ ਹੈ ਕਿ ਇਹ ਦੁਆ ਸਾਡੇ ਹੱਕ ਵਿੱਚ ਪੂਰੀ ਹੋਵੇ, ਸਾਡੀਆਂ ਨਸਲਾਂ ਦੇ ਹੱਕ ਵਿੱਚ ਪੂਰੀ ਹੋਵੇ ਅਤੇ ਕਯਾਮਤ (ਪਰਲੈ) ਤਕ ਸਾਡੀਆਂ ਨਸਲਾਂ ਇਸ ਦੁਆ ਤੋਂ ਲਾਭ ਉਠਾਉਂਦੀਆਂ ਚਲੀਆਂ ਜਾਣ । ਇਸ ਦੁਆ ਦੇ ਅਗਲੇ ਹਿੱਸੇ ਵਿੱਚ ਆਪ ਨੇ ਇਹ ਦੁਆ ਵੀ ਕੀਤੀ ਹੈ ਕਿ ਆਪਨੇ ਫ਼ਰਮਾਇਆ ਕਿ ਹਾਂ ਮੈਂ ਇਹ ਵੀ ਦੁਆ ਕਰਦਾ ਹਾਂ ਕਿ ਜੇਕਰ ਕੋਈ ਵਿਅਕਤੀ ਮੇਰੀ ਜਮਾਤ ਵਿੱਚ ਰੱਬ ਦੀ ਜਾਣਕਾਰੀ ਤੇ ਨਿਸ਼ਚੇ ਵਿੱਚ ਆਦਿ ਤੋਂ ਬਦਬਖ਼ਤ ਹੈ ਜਿਸਦੇ ਮੁਕਦੱਰ ਵਿੱਚ ਹੀ ਨਹੀਂ ਕਿ ਸੱਚੀ ਪਵਿਤੱਰਤਾ ਅਤੇ ਰੱਬ ਤਰਸੀ ਉਸ ਨੂੰ ਹਾਸਲ ਹੋਵੇ ਤਾਂ ਉਸ ਨੂੰ ਹੇ ਮੇਰੇ ਕਾਦਰ ਖ਼ੁਦਾ ਮੇਰੇ ਵੱਲੋਂ ਵੀ ਮੋੜਦੇ ਜਿਵੇਂ ਕਿ ਉਹ ਤੇਰੇ ਵੱਲੋਂ ਮੁੜਿਆ ਹੋਇਆ ਹੈ ਅਤੇ ਇਸ ਦੀ ਥਾਂ ਕੋਈ ਹੋਰ ਲੈ ਆ, ਜਿਸਦਾ ਦਿਲ ਨਰਮ ਅਤੇ ਜਿਸਦੀ ਜਾਨ ਤੇਰੀ ਜਾਚਕ ਹੋਵੇ ।

ਅਲੱਾਹ ਤਆਲਾ ਸਾਨੂੰ ਅਜਿਹੀ ਹਾਹਲਤ ਤੋਂ ਬਚਾਏ ਜਿਸ ਵਿੱਚ ਅਸੀਂ ਰੱਬ ਅਤੇ ਉਸ ਦੇ ਫ਼ਰਸਤਾਦੇ (ਭੇਜੇ ਹੋਏ ਅਵਤਾਰ) ਤੋਂ ਮੂੰਹ ਮੋੜਨ ਵਾਲੇ ਹੋਈਏ । ਸਾਡੇ ਈਮਾਨ ਨੂੰ ਹਮੇਸ਼ਾ ਸਲਾਮਤ ਰੱਖੇ ਸਗੋਂ ਇਸ ਵਿੱਚ ਵਾਧਾ ਕਰਦਾ ਚਲਾ ਜਾਏ ਅਤੇ ਅਸੀਂ ਉਹਨਾ ਸਾਰੀਆਂ ਦੁਆਵਾਂ ਦੇ ਹਾਸਲ ਕਰਨ ਵਾਲੇ ਬਣੀਏ ਜੋ ਆਪਨੇ ਆਪਣੇ ਮੰਨ੍ਹਣ ਵਾਲਿਆਂ ਲਈ ਉਹਨਾ ਦੇ ਹੱਕ ਵਿੱਚ ਕੀਤੀਆਂ ਹਨ ।

ਜਲਸੇ ਦੇ ਬਰਕਤਾਂ ਭਰਪੂਰ ਹੋਣ ਲਈ ਅਤੇ ਹਰ ਪ੍ਰਕਾਰ ਦੀ ਸ਼ਰਾਰਤ ਤੋਂ ਸੁਰੱਖਿਅਤ ਰਹਿਣ ਲਈ ਵੀ ਇਹਨਾਂ ਦਿਨਾਂ ਵਿੱਚ ਦੁਆ ਕਰਦੇ ਰਹਿਣ ਅਤੇ ਸਾਵਧਾਨ ਵੀ ਰਹਿਣ ਸੱਜੇ ਖੱਬੇ ਨਜ਼ਰ ਰਖੱਣ, ਅਲੱਾਹ ਤਆਲਾ ਹਰ ਸ਼ਰਾਰਤੀ ਅੰਸਰ ਦੀ ਸ਼ਰਾਰਤ ਤੋਂ ਅਤੇ ਹਰ ਈਰਖਾਲੂ ਦੀ ਈਰਖਾ ਤੋਂ ਸਾਨੂੰ ਬਚਾਉਂਦਾ ਰਹੇ ।

★★★★ ਖ਼ੁਤਬਾ ਸਾਨੀਆ ★★★★


**Khulasa Khutba Jumma 05.07.2019**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131